BC WOMEN'S HOSPITAL+ HEALTH CENTRE
An agency of the Provincial Health Services Authority

# ਬਾਲਗਾਂ ਵਿਚ ਖ਼ੂਨ ਚੜ੍ਹਾਉਣਾ
## ਕੁਝ ਆਮ ਸਵਾਲਾਂ ਦੇ ਜਵਾਬ

## ਖ਼ੂਨ ਚੜ੍ਹਾਉਣਾ ਕੀ ਹੈ?

ਖ਼ੂਨ ਚੜ੍ਹਾਉਣਾ (ਬਲੱਡ ਟ੍ਰਾਂਸਫਿਊਜ਼ਨ) ਹੈ ਜਦੋਂ ਤੁਹਾਨੂੰ ਖ਼ੂਨ ਦੀ ਕੋਈ ਵਸਤ ਦਿੱਤੀ ਜਾਂਦੀ ਹੈ। ਖ਼ੂਨ ਚੜ੍ਹਾਉਣਾ ਖ਼ੂਨ ਦਾ ਉਹ ਹਿੱਸਾ ਪੂਰਾ ਕਰਨ ਵਿਚ ਮਦਦ ਕਰਦਾ ਹੈ ਜਿਹੜਾ ਸਰੀਰ ਵਿਚ ਨਹੀਂ ਹੁੰਦਾ ਹੈ।

## ਖ਼ੂਨ ਚੜ੍ਹਾਉਣ ਦੇ ਕੀ ਫਾਇਦੇ ਹਨ?

ਸਿਹਤਮੰਦ ਰਹਿਣ ਲਈ ਤੁਹਾਡੇ ਸਰੀਰ ਵਿਚ ਖ਼ੂਨ ਦਾ ਹਰ ਹਿੱਸਾ ਸਹੀ ਮਾਤਰਾ ਵਿਚ ਹੋਣਾ ਜ਼ਰੂਰੀ ਹੈ। ਜਿਨ੍ਹਾਂ ਕੁਝ ਕਾਰਨਾਂ ਕਰਕੇ ਖ਼ੂਨ ਚੜ੍ਹਾਉਣ ਦੀ ਲੋੜ ਹੋ ਸਕਦੀ ਹੈ ਉਹ ਹਨ:

- ਕਿਸੇ ਸਰਜਰੀ ਜਾਂ ਸਿਹਤ ਸਮੱਸਿਆ ਦੇ ਨਤੀਜੇ ਵਜੋਂ ਖ਼ੂਨ ਦਾ ਨੁਕਸਾਨ ਹੋਣਾ
- ਖ਼ੂਨ ਵਿਚ ਕੋਈ ਵਿਗਾੜ ਹੋਣਾ
- ਕੈਂਸਰ ਦੇ ਇਲਾਜ ਲਈ ਸਰੀਰ ਦੀ ਮਦਦ ਕਰਨਾ
- ਉਨ੍ਹਾਂ ਬੱਚਿਆਂ ਦੀ ਮਦਦ ਲਈ ਜਿਹੜੇ ਸਮੇਂ ਤੋਂ ਕਾਫੀ ਪਹਿਲਾਂ ਪੈਦਾ ਹੋਏ ਹਨ

## ਖ਼ੂਨ ਦੀਆਂ ਵਸਤਾਂ ਕੀ ਹਨ?

ਖ਼ੂਨ ਕਈ ਹਿੱਸਿਆਂ ਤੋਂ ਬਣਿਆ ਹੁੰਦਾ ਹੈ। **ਖ਼ੂਨ ਦੇ ਚਿੱਟੇ ਸੈੱਲ** ਜਰਾਸੀਮਾਂ ਦਾ ਮੁਕਾਬਲਾ ਕਰਨ ਵਿਚ ਮਦਦ ਕਰਦੇ ਹਨ। **ਖ਼ੂਨ ਦੇ ਲਾਲ ਸੈੱਲ** ਖ਼ੂਨ ਨੂੰ ਲਾਲ ਰੰਗ ਦਿੰਦੇ ਹਨ ਅਤੇ ਸਰੀਰ ਵਿਚ ਆਕਸੀਜਨ ਲੈ ਕੇ ਜਾਂਦੇ ਹਨ। ਸਰੀਰ ਵਿਚਲੇ ਸਾਰੇ ਅੰਗਾਂ (ਦਿਲ, ਦਿਮਾਗ, ਅਤੇ ਗੁਰਦਿਆਂ) ਨੂੰ ਕੰਮ ਕਰਨ ਲਈ ਖ਼ੂਨ ਦੀ ਲੋੜ ਹੁੰਦੀ ਹੈ। **ਪਲੇਟਲੈੱਟਸ** ਛੋਟੇ, ਚਿਪਕਵੇਂ ਸੈੱਲ ਹਨ ਜਿਹੜੇ ਖ਼ੂਨ ਵਗਣ ਤੋਂ ਰੋਕਥਾਮ ਕਰਨ/ਜਾਂ ਖ਼ੂਨ ਰੋਕਣ ਵਿਚ ਮਦਦ ਕਰਦੇ ਹਨ। **ਪਲਾਜ਼ਮਾ** ਵਿਚ ਬਹੁਤ ਸਾਰੀਆਂ ਕਿਸਮਾਂ ਦੇ ਪ੍ਰੋਟੀਨ ਹਨ। ਇਨ੍ਹਾਂ ਵਿੱਚੋਂ ਕੁਝ ਪ੍ਰੋਟੀਨ ਖ਼ੂਨ ਦੇ ਜੰਮਣ ਵਿਚ ਅਤੇ ਇਨਫੈਕਸ਼ਨ ਦਾ ਮੁਕਾਬਲਾ ਕਰਨ ਵਿਚ ਮਦਦ ਕਰਦੇ ਹਨ।

ਪੂਰਾ ਖ਼ੂਨ, ਖ਼ੂਨ ਦਾਨੀਆਂ ਵਲੋਂ ਦਾਨ ਕੀਤਾ ਜਾਂਦਾ ਹੈ। ਪੂਰਾ ਖ਼ੂਨ, ਖ਼ੂਨ ਦੇ ਕਈ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਇਨ੍ਹਾਂ ਹਿੱਸਿਆਂ ਨੂੰ ਬਲੱਡ ਪ੍ਰੋਡੱਕਟਸ (ਖ਼ੂਨ ਦੀਆਂ ਵਸਤਾਂ) ਕਿਹਾ ਜਾਂਦਾ ਹੈ।

### ਖ਼ੂਨ ਦੀਆਂ ਵਸਤਾਂ ਦੀਆਂ ਕਿਸਮਾਂ

- ਖ਼ੂਨ ਦੇ ਲਾਲ ਸੈੱਲ
- ਪਲੇਟਲੈੱਟਸ
- ਪਲਾਜ਼ਮਾ
- ਕਰਾਇਓਪ੍ਰੀਸਿਪੇਟੇਟ

ਪਲਾਜ਼ਮਾ ਤੋਂ ਵੀ ਪ੍ਰੋਟੀਨ ਵਸਤਾਂ ਬਣਾਈਆਂ ਜਾ ਸਕਦੀਆਂ ਹਨ। ਇਹ ਹਨ:

- ਅਲਬਿਊਮਿਨ
- ਕਲੌਟਿੰਗ ਫੈਕਟਰ ਕੌਨਸੈਨਟਰੇਟਸ
- ਇਮਿਊਨ ਗਲੋਬਿਊਲਿਨਜ਼




**ਤੁਹਾਨੂੰ ਖ਼ੂਨ ਦਾ ਸਿਰਫ ਉਹ ਹਿੱਸਾ ਜਾਂ ਹਿੱਸੇ ਹੀ ਦਿੱਤੇ ਜਾਣਗੇ ਜਿਨ੍ਹਾਂ ਦੀ ਤੁਹਾਨੂੰ ਲੋੜ ਹੈ।**

## ਖ਼ੂਨ ਦੇ ਗਰੁੱਪ ਕੀ ਹਨ?

ਖ਼ੂਨ ਦੀਆਂ ਕਈ ਕਿਸਮਾਂ ਜਾਂ ਗਰੁੱਪ ਹਨ। ਜ਼ਿਆਦਾ ਆਮ ਏ ਬੀ ਓ ਸਿਸਟਮ ਅਤੇ ਰੀਸੱਸ (ਆਰ ਐੱਚ) ਸਿਸਟਮ ਹਨ।

**ਤੁਹਾਨੂੰ ਸਿਰਫ ਦਾਨ ਹੋਇਆ ਉਹ ਖ਼ੂਨ ਮਿਲੇਗਾ ਜਿਹੜਾ ਤੁਹਾਡੇ ਖ਼ੂਨ ਨਾਲ ਮੇਲ ਖਾਂਦਾ ਹੈ।**

## ਦਾਨ ਹੋਇਆ ਖ਼ੂਨ ਕਿੱਥੋਂ ਆਉਂਦਾ ਹੈ?

ਕੈਨੇਡੀਅਨ ਬਲੱਡ ਸਰਵਿਸਿਜ਼ (ਸੀ ਬੀ ਐੱਸ) ਕੈਨੇਡਾ ਭਰ ਵਿਚ ਵਾਲੰਟੀਅਰ ਦਾਨੀਆਂ ਤੋਂ ਖ਼ੂਨ ਇਕੱਠਾ ਕਰਦੀ ਹੈ। ਕੁਝ ਪਲਾਜ਼ਮਾ ਵਸਤਾਂ ਯੂਨਾਈਟਡ ਸਟੇਟਸ ਵਿਚ ਪਰਖੇ ਹੋਏ ਦਾਨੀਆਂ ਤੋਂ ਆ ਸਕਦੀਆਂ ਹਨ।

## ਕੀ ਖ਼ੂਨ ਚੜ੍ਹਾਉਣਾ ਸੁਰੱਖਿਅਤ ਹੈ?

ਕੈਨੇਡਾ ਖ਼ੂਨ ਦੀ ਦੁਨੀਆ ਦੀ ਸਭ ਤੋਂ ਸੁਰੱਖਿਅਤ ਸਪਲਾਈ ਵਾਲਿਆਂ ਵਿੱਚੋਂ ਇਕ ਹੈ। ਖ਼ੂਨ ਦਾਨੀਆਂ ਦਾ ਖ਼ੂਨ ਲੈਣ ਤੋਂ ਪਹਿਲਾਂ ਉਨ੍ਹਾਂ ਦੀ ਸਿਹਤ ਅਤੇ ਜ਼ਿੰਦਗੀ ਦੇ ਰਹਿਣ-ਸਹਿਣ ਬਾਰੇ ਬਹੁਤ ਸਾਰੇ ਸਵਾਲ ਪੁੱਛੇ ਜਾਂਦੇ ਹਨ। ਜੇ ਦਾਨੀ ਅਢੁਕਵਾਂ ਲੱਗੇ ਤਾਂ ਖ਼ੂਨ ਦਾਨ ਨਹੀਂ ਲਿਆ ਜਾਵੇਗਾ। ਖ਼ੂਨ ਲੈਣ ਤੋਂ ਬਾਅਦ ਇਸ ਨੂੰ ਅੱਗੇ ਲਿਖੀਆਂ ਛੂਤ ਵਾਲੀਆਂ ਬੀਮਾਰੀਆਂ ਲਈ ਟੈੱਸਟ ਕੀਤਾ ਜਾਂਦਾ ਹੈ:

- ਐੱਚ ਆਈ ਵੀ 1 ਅਤੇ ਐੱਚ ਆਈ ਵੀ 2: ਹਿਊਮਨ ਇਮਿਊਨੋਡੈਫੀਸ਼ੈਂਸੀ ਵਾਇਰਸ ਜਿਹੜੇ ਏਡਜ਼ ਕਰਦੇ ਹਨ
- ਹੈਪੇਟਾਈਟਸ ਬੀ ਅਤੇ ਹੈਪੇਟਾਈਟਸ ਸੀ, ਜੋ ਕਿ ਜਿਗਰ (ਲਿਵਰ) ਦੀਆਂ ਇਨਫੈਕਸ਼ਨਾਂ ਹਨ
- ਹਿਊਮਨ ਟੀ-ਸੈੱਲ ਲਿੰਫੋਟਰੌਪਿਕ ਵਾਇਰਸ ਟਾਈਪ 1 (ਐੱਚ ਟੀ ਐੱਲ ਵੀ -1), ਜੋ ਕਿ ਲੂਕੀਮੀਏ ਦੀ ਇਕ ਬਹੁਤ ਘੱਟ ਹੋਣ ਵਾਲੀ ਕਿਸਮ ਦਾ ਕਾਰਨ ਬਣਦਾ ਹੈ
- ਸਿਫਲਿਸ, ਇਕ ਇਨਫੈਕਸ਼ਨ ਜਿਹੜੀ ਕਿਸੇ ਵਿਅਕਤੀ ਨੂੰ ਕਿਸੇ ਸੰਭੋਗ ਸੰਪਰਕ ਨਾਲ ਹੋ ਸਕਦੀ ਹੈ

ਦਾਨ ਹੋਇਆ ਜਿਹੜਾ ਖ਼ੂਨ ਇਹ ਅਤੇ ਬਹੁਤ ਸਾਰੇ ਹੋਰ ਟੈੱਸਟ ਪਾਸ ਨਹੀਂ ਕਰਦਾ ਉਹ ਨਸ਼ਟ ਕਰ ਦਿੱਤਾ ਜਾਂਦਾ ਹੈ।

## ਖ਼ੂਨ ਚੜ੍ਹਾਉਣ ਦੇ ਕੀ ਖਤਰੇ ਹਨ?

ਕਿਸੇ ਵੀ ਹੋਰ ਇਲਾਜ ਵਾਂਗ, ਖ਼ੂਨ ਚੜ੍ਹਾਉਣ ਦੇ ਕੁਝ ਖਤਰੇ ਹਨ। ਇਕ ਆਮ ਡਰ ਖ਼ੂਨ ਚੜ੍ਹਾਉਣ ਤੋਂ ਇਨਫੈਕਸ਼ਨ ਦਾ ਖਤਰਾ ਹੈ। ਇਨਫੈਕਸ਼ਨ ਹੋਣ ਦਾ ਖਤਰਾ ਬਹੁਤ ਘੱਟ ਹੈ।

- ਐੱਚ ਆਈ ਵੀ (ਏਡਜ਼) ਹੋਣ ਦੀ ਸੰਭਾਵਨਾ 8 ਮਿਲੀਅਨ ਪਿੱਛੇ 1 ਨਾਲੋਂ ਘੱਟ ਹੈ।
- ਹੈਪੇਟਾਈਟਸ ਸੀ ਹੋਣ ਦੀ ਸੰਭਾਵਨਾ 6.7 ਮਿਲੀਅਨ ਪਿੱਛੇ 1 ਨਾਲੋਂ ਘੱਟ ਹੈ।
- ਹੈਪੇਟਾਈਟਸ ਬੀ ਹੋਣ ਦੀ ਸੰਭਾਵਨਾ 1.7 ਮਿਲੀਅਨ ਪਿੱਛੇ 1 ਨਾਲੋਂ ਘੱਟ ਹੈ।
- ਬਹੁਤ ਹੀ ਥੋੜ੍ਹੀ ਜਿਹੀ ਸੰਭਾਵਨਾ ਐੱਚ ਟੀ ਐੱਲ ਵੀ -1, ਵੈੱਸਟ ਨਾਇਲ ਵਾਇਰਸ ਅਤੇ ਹੋਰ ਬਹੁਤ ਘੱਟ ਹੋਣ ਵਾਲੀਆਂ ਇਨਫੈਕਸ਼ਨਾਂ ਦੀ ਵੀ ਹੈ।

**ਨੋਟ:** *ਕਿਸੇ ਵਿਅਕਤੀ ਨੂੰ ਖ਼ੂਨ ਦੇ ਜਿੰਨੇ ਜ਼ਿਆਦਾ ਯੂਨਿਟ ਮਿਲਦੇ ਹਨ, ਓਨਾ ਜ਼ਿਆਦਾ ਖਤਰਾ ਹੈ। 10 ਯੂਨਿਟ ਚੜ੍ਹਾਉਣਾ ਖਤਰੇ ਨੂੰ ਵੀ 10 ਗੁਣਾ ਵਧਾ ਦਿੰਦਾ ਹੈ।*

**ਤੁਹਾਡਾ ਡਾਕਟਰ ਤੁਹਾਨੂੰ ਖ਼ੂਨ ਚੜ੍ਹਾਉਣ ਦੀ ਸਲਾਹ ਸਿਰਫ ਤਾਂ ਹੀ ਦੇਵੇਗਾ ਜੇ ਇਹ ਬਿਲਕੁਲ ਹੀ ਜ਼ਰੂਰੀ ਹੋਵੇ।**

## ਖ਼ੂਨ ਚੜ੍ਹਾਉਣ ਦੇ ਰੀਐਕਸ਼ਨ

ਕੁਝ ਮਰੀਜ਼ਾਂ ਨੂੰ ਖ਼ੂਨ ਚੜ੍ਹਾਉਣ ਦੇ ਰੀਐਕਸ਼ਨ ਹੁੰਦੇ ਹਨ।


BCW980 [Punjabi] ©2015 BC Women's Hospital + Health Centre
"Image reproduced with permission ©The Hospital for Sick Children" www.aboutkidshealth.ca"

ਬਹੁਤੇ ਰੀਐਕਸ਼ਨ ਖ਼ੂਨ ਚੜ੍ਹਾਉਣ ਦੌਰਾਨ ਜਾਂ ਥੋੜ੍ਹਾ ਚਿਰ ਬਾਅਦ ਵਿਚ ਹੁੰਦੇ ਹਨ। ਤੁਹਾਨੂੰ ਖ਼ੂਨ ਚੜ੍ਹਾਉਣ ਦੌਰਾਨ ਅਤੇ ਬਾਅਦ ਵਿਚ ਰੀਐਕਸ਼ਨ ਦੀਆਂ ਨਿਸ਼ਾਨੀਆਂ ਲਈ ਤੁਹਾਡੇ 'ਤੇ ਨੇੜਿਉਂ ਨਿਗਰਾਨੀ ਰੱਖੀ ਜਾਵੇਗੀ। ਰੀਐਕਸ਼ਨ ਦੀਆਂ ਨਿਸ਼ਾਨੀਆਂ ਨੂੰ ਘਟਾਉਣ ਲਈ ਤੁਸੀਂ ਦਵਾਈਆਂ ਲੈ ਸਕਦੇ ਹੋ।

ਤੁਹਾਨੂੰ ਖ਼ੂਨ ਚੜ੍ਹਾਉਣ ਦੇ ਰੀਐਕਸ਼ਨਾਂ ਬਾਰੇ ਅਤੇ ਤੁਸੀਂ ਕੀ ਕਰਨਾ ਹੈ ਬਾਰੇ ਜਾਣਕਾਰੀ ਦਿੱਤੀ ਜਾਵੇਗੀ ਤਾਂ ਜੋ ਜੇ ਤੁਹਾਨੂੰ ਹਸਪਤਾਲ ਤੋਂ ਜਾਣ ਤੋਂ ਬਾਅਦ ਰੀਐਕਸ਼ਨ ਹੋ ਜਾਵੇ ਤਾਂ ਤੁਹਾਨੂੰ ਪਤਾ ਹੋਵੇ ਕਿ ਕੀ ਕਰਨਾ ਹੈ। ਜੇ ਤੁਸੀਂ ਸੋਚਦੇ ਹੋ ਕਿ ਬੀਤੇ ਸਮੇਂ ਵਿਚ ਤੁਹਾਨੂੰ ਖ਼ੂਨ ਚੜ੍ਹਾਉਣ ਤੋਂ ਰੀਐਕਸ਼ਨ ਹੋਇਆ ਹੈ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨੂੰ ਦੱਸੋ।
**ਐਲਰਜੀ ਦੇ ਰੀਐਕਸ਼ਨ** ਆਮ ਹਨ ਅਤੇ ਅਕਸਰ ਹਲਕੇ ਹੁੰਦੇ ਹਨ। ਤੁਹਾਡੇ ਧੱਫੜ ਪੈ ਸਕਦੇ ਹਨ/ਛਪਾਕੀ ਨਿਕਲ ਸਕਦੀ ਹੈ ਅਤੇ ਖਾਜ ਹੋ ਸਕਦੀ ਹੈ। ਖ਼ੂਨ ਚੜ੍ਹਾਉਣਾ ਰੋਕ ਦਿੱਤਾ ਜਾਵੇਗਾ ਅਤੇ ਤੁਹਾਨੂੰ ਦਵਾਈਆਂ ਦਿੱਤੀਆਂ ਜਾਣਗੀਆਂ ਅਤੇ ਜੇ ਧੱਫੜ ਅਤੇ ਖਾਜ ਹਟ ਜਾਣ ਤਾਂ ਖ਼ੂਨ ਚੜ੍ਹਾਉਣਾ ਦੁਬਾਰਾ ਸ਼ੁਰੂ ਕੀਤਾ ਜਾ ਸਕਦਾ ਹੈ।

**ਐਲਰਜੀ ਦੇ ਗੰਭੀਰ ਰੀਐਕਸ਼ਨ** ਬਹੁਤ ਘੱਟ ਹੁੰਦੇ ਹਨ ਅਤੇ ਇਹ ਸਾਹ ਲੈਣ ਦੀਆਂ ਸਮੱਸਿਆਵਾਂ ਪੈਦਾ ਕਰ ਸਕਦੇ ਹਨ ਜਾਂ ਬੁਲ੍ਹਾਂ ਜਾਂ ਅੱਖਾਂ 'ਤੇ ਸੋਜ ਪਾ ਸਕਦੇ ਹਨ ਅਤੇ ਧੱਫੜ ਅਤੇ ਖਾਜ ਵੀ ਹੋ ਸਕਦੇ ਹਨ। ਖ਼ੂਨ ਚੜ੍ਹਾਉਣਾ ਰੋਕ ਦਿੱਤਾ ਜਾਵੇਗਾ।

**ਬੁਖਾਰ ਦੇ ਰੀਐਕਸ਼ਨ** ਮੁੱਖ ਤੌਰ 'ਤੇ ਉਨ੍ਹਾਂ ਮਰੀਜ਼ਾਂ ਵਿਚ ਹੀ ਆਮ ਹਨ ਜਿਨ੍ਹਾਂ ਦੇ ਬਹੁਤ ਵਾਰੀ ਖ਼ੂਨ ਚੜ੍ਹਾਇਆ ਜਾਂਦਾ ਹੈ। ਤੁਸੀਂ ਗਰਮੀ ਮਹਿਸੂਸ ਕਰ ਸਕਦੇ ਹੋ ਜਾਂ ਠੰਢ ਲੱਗ ਸਕਦੀ ਹੈ। ਖ਼ੂਨ ਚੜ੍ਹਾਉਣਾ ਰੋਕ ਦਿੱਤਾ ਜਾਵੇਗਾ।

**ਹੀਮੋਲਿਟਿਕ ਰੀਐਕਸ਼ਨ** ਬਹੁਤ ਘੱਟ ਹੁੰਦੇ ਹਨ ਪਰ ਗੰਭੀਰ ਰੀਐਕਸ਼ਨ ਹਨ। ਇਹ ਉਦੋਂ ਹੁੰਦਾ ਹੈ ਜਦੋਂ ਖ਼ੂਨ ਦੇ ਲਾਲ ਸੈੱਲ ਖ਼ੂਨ ਚੜ੍ਹਾਉਣ ਤੋਂ ਬਾਅਦ ਟੁੱਟ ਜਾਂਦੇ ਹਨ। ਤੁਹਾਨੂੰ ਬੁਖਾਰ ਹੋ ਸਕਦਾ ਹੈ ਜਾਂ ਪਾਲਾ ਲੱਗ ਸਕਦਾ ਹੈ ਅਤੇ ਤੁਸੀਂ ਬੀਮਾਰ ਮਹਿਸੂਸ ਕਰ ਸਕਦੇ ਹੋ ਜਾਂ ਉਲਟੀ ਆ ਸਕਦੀ ਹੈ। ਖ਼ੂਨ ਚੜ੍ਹਾਉਣਾ ਰੋਕ ਦਿੱਤਾ ਜਾਵੇਗਾ।

**ਖ਼ੂਨ ਚੜ੍ਹਾਉਣ ਨਾਲ ਸੰਬੰਧਿਤ ਦੌਰੇ ਦਾ ਵਾਧੂ ਬੋਝ** ਅਤੇ **ਖ਼ੂਨ ਚੜ੍ਹਾਉਣ ਨਾਲ ਸੰਬੰਧਿਤ ਫੇਫੜੇ ਦੀ ਗੰਭੀਰ ਸੱਟ** ਗੰਭੀਰ ਰੀਐਕਸ਼ਨ ਹਨ ਜੋ ਕਿ ਸਾਹ ਦੀਆਂ ਸਮੱਸਿਆਵਾਂ ਪੈਦਾ ਕਰਦੇ ਹਨ। ਖ਼ੂਨ ਚੜ੍ਹਾਉਣਾ ਰੋਕ ਦਿੱਤਾ ਜਾਵੇਗਾ।

**ਖ਼ੂਨ ਚੜ੍ਹਾਉਣ ਨਾਲ ਸੰਬੰਧਿਤ ਗਰਾਫਟ ਵਰਸਿਸ ਹੋਸਟ ਡਜ਼ੀਜ਼ (ਟੀ ਏ–ਜੀ ਵੀ ਐੱਚ ਡੀ)** ਖ਼ੂਨ ਚੜ੍ਹਾਉਣ ਦੀ ਇਕ ਬਹੁਤ ਗੰਭੀਰ ਅਤੇ ਬਹੁਤ ਘੱਟ ਹੋਣ ਵਾਲੀ ਸਮੱਸਿਆ ਹੈ। ਬੀਮਾਰੀਆਂ ਦਾ ਮੁਕਾਬਲਾ ਕਰਨ ਦੀ ਬਹੁਤ ਘੱਟ ਸਮਰੱਥਾ ਵਾਲੇ ਮਰੀਜ਼ਾਂ ਜਾਂ ਪਰਿਵਾਰ ਦੇ ਕਿਸੇ ਮੈਂਬਰ ਤੋਂ ਖ਼ੂਨ ਲੈਣ ਵਾਲੇ ਮਰੀਜ਼ਾਂ ਨੂੰ ਖਤਰਾ ਹੈ। ਟੀ ਏ –ਜੀ ਵੀ ਐੱਚ ਡੀ ਤੋਂ ਰੋਕਥਾਮ ਕਰਨ ਲਈ ਇਨ੍ਹਾਂ ਮਰੀਜ਼ਾਂ ਨੂੰ ਚੜ੍ਹਾਏ ਜਾਣ ਵਾਲੇ ਖ਼ੂਨ 'ਤੇ ਪਹਿਲਾਂ ਕਿਰਨਾਂ ਪਾਈਆਂ ਜਾਂਦੀਆਂ ਹਨ।

**ਖ਼ੂਨ ਚੜ੍ਹਾਉਣ ਦੇ ਹੋਏ ਸਾਰੇ ਰੀਐਕਸ਼ਨਾਂ ਦੀ ਸਿਹਤ ਸੰਭਾਲ ਦੇ ਮਾਹਰਾਂ ਵਲੋਂ ਡੂੰਘਿਆਈ ਨਾਲ ਜਾਂਚ ਪੜਤਾਲ ਕੀਤੀ ਜਾਂਦੀ ਹੈ।**

## ਖ਼ੂਨ ਚੜ੍ਹਾਉਣ ਦੇ ਬਦਲ ਕੀ ਹਨ?

ਤੁਹਾਡਾ ਡਾਕਟਰ ਤੁਹਾਨੂੰ ਖ਼ੂਨ ਚੜ੍ਹਾਉਣ ਦੀ ਸਲਾਹ ਸਿਰਫ ਤਾਂ ਹੀ ਦੇਵੇਗਾ ਜੇ ਅਜਿਹਾ ਕਰਨਾ ਬਿਲਕੁਲ ਜ਼ਰੂਰੀ ਹੋਇਆ ਅਤੇ ਤੁਹਾਨੂੰ ਇਹ ਦੱਸੇਗਾ ਕਿ ਕੀ ਖ਼ੂਨ ਚੜ੍ਹਾਉਣ ਦੇ ਕੋਈ ਬਦਲ ਹਨ।

**ਤੁਸੀਂ ਆਪਣੇ ਡਾਕਟਰ ਤੋਂ ਵੀ ਇਹ ਪੁੱਛ ਸਕਦੇ ਹੋ ਕਿ ਕੀ ਖ਼ੂਨ ਚੜ੍ਹਾਉਣ ਦੇ ਕੋਈ ਬਦਲ ਹਨ ਜਿਹੜੇ ਤੁਹਾਡੇ ਲਈ ਕੰਮ ਕਰ ਸਕਦੇ ਹਨ।**

## ਕੀ ਤੁਹਾਨੂੰ ਖ਼ੂਨ ਲੈਣ ਤੋਂ ਪਹਿਲਾਂ ਸਹਿਮਤੀ ਦੇਣ ਦੀ ਲੋੜ ਹੈ?

ਹਾਂ। ਖ਼ੂਨ ਚੜ੍ਹਾਉਣ ਤੋਂ ਪਹਿਲਾਂ ਤੁਹਾਡੇ ਡਾਕਟਰ ਨੂੰ ਇਨ੍ਹਾਂ ਚੀਜ਼ਾਂ ਬਾਰੇ ਤੁਹਾਡੇ ਨਾਲ ਗੱਲ ਕਰਨੀ ਚਾਹੀਦੀ ਹੈ:
- ਖ਼ੂਨ ਚੜ੍ਹਾਉਣ ਦਾ ਕਾਰਨ
- ਚੜ੍ਹਾਈ ਜਾਣ ਵਾਲੀ ਖ਼ੂਨ ਦੀ ਵਸਤ


BCW980 [Punjabi] ©2015 BC Women's Hospital + Health Centre
"Image reproduced with permission ©The Hospital for Sick Children" www.aboutkidshealth.ca"

- ਖ਼ੂਨ ਚੜ੍ਹਾਉਣ ਦੇ ਫਾਇਦੇ
- ਖ਼ੂਨ ਚੜ੍ਹਾਉਣ ਦੇ ਖਤਰੇ
- ਜੇ ਤੁਸੀਂ ਖ਼ੂਨ ਚੜ੍ਹਾਉਣ ਨੂੰ ਨਾਂਹ ਕਹਿੰਦੇ ਹੋ ਤਾਂ ਕੀ ਵਾਪਰ ਸਕਦਾ ਹੈ
- ਖ਼ੂਨ ਚੜ੍ਹਾਉਣ ਦਾ ਉਮੀਦ ਰੱਖਿਆ ਜਾਂਦਾ ਨਤੀਜਾ
- ਖ਼ੂਨ ਚੜ੍ਹਾਉਣ ਦੇ ਕਦਮ

ਤੁਹਾਨੂੰ ਸਵਾਲ ਪੁੱਛਣ ਦਾ ਮੌਕਾ ਅਤੇ ਆਪਣਾ ਫੈਸਲਾ ਕਰਨ ਲਈ ਸਮਾਂ ਮਿਲਣਾ ਚਾਹੀਦਾ ਹੈ। ਜੇ ਤੁਸੀਂ ਖ਼ੂਨ ਚੜ੍ਹਾਉਣ ਦਾ ਫੈਸਲਾ ਕਰਦੇ ਹੋ ਤਾਂ ਤੁਹਾਨੂੰ ਇਕ ਸਹਿਮਤੀ ਫਾਰਮ 'ਤੇ ਦਸਖਤ ਕਰਨ ਲਈ ਕਿਹਾ ਜਾਵੇਗਾ।
ਜੇ ਤੁਸੀਂ ਖ਼ੂਨ ਚੜ੍ਹਾਉਣ ਤੋਂ ਨਾਂਹ ਕਰਨ ਦਾ ਫੈਸਲਾ ਕਰਦੇ ਹੋ ਤਾਂ ਤੁਹਾਨੂੰ "ਸਹਿਮਤੀ ਦੇਣ ਤੋਂ ਨਾਂਹ" ਦੇ ਫਾਰਮ 'ਤੇ ਦਸਖਤ ਕਰਨ ਲਈ ਕਿਹਾ ਜਾਵੇਗਾ।

## ਜਦੋਂ ਤੁਹਾਨੂੰ ਖ਼ੂਨ ਚੜ੍ਹਾਉਣ ਦੀ ਲੋੜ ਹੋਵੇ ਤਾਂ ਕੀ ਹੁੰਦਾ ਹੈ?

ਤੁਹਾਨੂੰ ਖ਼ੂਨ ਦੇਣ ਤੋਂ ਪਹਿਲਾਂ ਤੁਹਾਡੇ ਖ਼ੂਨ ਦਾ ਨਮੂਨਾ ਲਿਆ ਜਾਂਦਾ ਹੈ। ਇਸ ਨਮੂਨੇ ਨੂੰ ਤੁਹਾਡੇ ਖ਼ੂਨ ਦੀ ਕਿਸਮ ਦਾ ਪਤਾ ਲਾਉਣ ਅਤੇ ਇਸ ਨੂੰ ਦਾਨੀ ਖ਼ੂਨ ਨਾਲ ਮੇਚਣ ਲਈ ਟੈੱਸਟ ਕੀਤਾ ਜਾਂਦਾ ਹੈ। ਦਾਨੀ ਖ਼ੂਨ 'ਤੇ ਫਿਰ ਤੁਹਾਡੇ ਨਾਂ ਅਤੇ ਖ਼ੂਨ ਦੀ ਕਿਸਮ ਦਾ ਲੇਬਲ ਲਗਾਇਆ ਜਾਂਦਾ ਹੈ।

ਤੁਹਾਨੂੰ ਖ਼ੂਨ ਆਮ ਤੌਰ 'ਤੇ ਬਾਂਹ ਵਿਚ ਇਕ ਛੋਟੀ ਟਿਊਬ ਰਾਹੀਂ ਦਿੱਤਾ ਜਾਂਦਾ ਹੈ ਅਤੇ ਇਹ ਕਾਰਜ 1 ਤੋਂ 4 ਘੰਟੇ ਹੁੰਦਾ ਹੈ। ਖ਼ੂਨ ਚੜ੍ਹਾਉਣ ਵੇਲੇ ਦੌਰਾਨ ਅਤੇ ਬਾਅਦ ਵਿਚ ਤੁਹਾਡੇ 'ਤੇ ਨੇੜਿਉਂ ਨਿਗ੍ਹਾ ਰੱਖੀ ਜਾਵੇਗੀ।

ਇਹ ਪੱਕਾ ਕਰਨ ਲਈ ਕਿ ਤੁਹਾਨੂੰ ਸਹੀ ਖ਼ੂਨ ਦਿੱਤਾ ਜਾਵੇ, ਖ਼ੂਨ ਦਾ ਨਮੂਨਾ ਲੈਣ ਅਤੇ ਖ਼ੂਨ ਚੜ੍ਹਾਉਣ ਤੋਂ ਪਹਿਲਾਂ ਤੁਹਾਨੂੰ ਆਪਣਾ ਪੂਰਾ ਨਾਂ ਅਤੇ ਜਨਮ ਤਾਰੀਕ ਦੱਸਣ ਲਈ ਕਿਹਾ ਜਾਵੇਗਾ। ਖ਼ੂਨ ਚੜ੍ਹਾਉਣਾ ਸ਼ੁਰੂ ਕਰਨ ਤੋਂ ਪਹਿਲਾਂ ਦੋ ਨਰਸਾਂ ਇਹ ਚੈੱਕ ਕਰਨਗੀਆਂ ਕਿ ਖ਼ੂਨ ਦੇ ਪੈਕ ਉਪਰਲੇ ਵੇਰਵੇ ਤੁਹਾਡੇ ਨਾਂ ਦੀ ਪੱਟੀ 'ਤੇ ਲਿਖੇ ਵੇਰਵਿਆਂ ਨਾਲ ਮਿਲਦੇ ਹਨ।

### ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਮੇਰੇ ਖ਼ੂਨ ਚੜ੍ਹਿਆ ਹੈ?

ਜੇ ਤੁਹਾਡੇ ਖ਼ੂਨ ਚੜ੍ਹਾਇਆ ਜਾਂਦਾ ਹੈ ਤਾਂ ਤੁਹਾਨੂੰ ਇਕ "ਨੋਟੀਫੀਕੇਸ਼ਨ ਟੈਗ" ਮਿਲੇਗਾ। ਜੇ ਤੁਸੀਂ ਇਹ ਟੈਗ ਗਵਾ ਵੀ ਲਵੋ ਤਾਂ ਫਿਕਰ ਨਾ ਕਰੋ ਕਿਉਂਕਿ ਬੀ ਸੀ ਵਿਚ ਸਾਰਾ ਰਿਕਾਰਡ ਰੱਖਿਆ ਜਾਂਦਾ ਹੈ।

## ਤੁਹਾਨੂੰ ਜ਼ਿਆਦਾ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

ਜੇ ਤੁਸੀਂ ਜ਼ਿਆਦਾ ਜਾਣਕਾਰੀ ਚਾਹੁੰਦੇ ਹੋਵੋ ਜਾਂ ਜੇ ਤੁਹਾਡੇ ਮਨ ਵਿਚ ਸਵਾਲ ਹੋਣ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ।

ਇਨ੍ਹਾਂ ਵੈੱਬਸਾਈਟਾਂ 'ਤੇ ਖ਼ੂਨ ਅਤੇ ਖ਼ੂਨ ਚੜ੍ਹਾਉਣ ਬਾਰੇ ਜ਼ਿਆਦਾ ਜਾਣਕਾਰੀ ਹੈ। ਜੇ ਤੁਹਾਨੂੰ ਔਨਲਾਈਨ ਜਾਣਕਾਰੀ ਲੱਭਣ ਵਿਚ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਫੈਮਿਲੀ ਸੁਪੋਰਟ ਐਂਡ ਰੀਸੋਰਸ ਸੈਂਟਰ ਤੋਂ ਮਦਦ ਮੰਗੋ।

ਕੈਨੇਡੀਅਨ ਬਲੱਡ ਸਰਵਿਸਿਜ਼:http://www.blood.ca

ਟ੍ਰਾਂਸਫਿਊਜ਼ਨ ਓਨਟੇਰੀਓ ਦੇ ਵੈੱਬਸਾਈਟ 'ਤੇ "ਬਲੱਡ ਟ੍ਰਾਂਸਫਿਊਜ਼ਨ- ਏ ਪੇਸ਼ੈਂਟਸ ਪਰਸਪੈਕਟਿਵ" ਨਾਂ ਦਾ ਕਿਤਾਬਚਾ ਹੈ ਜੋ ਕਿ ਇਸ ਵੈੱਬਸਾਈਟ 'ਤੇ ਦੇਖਿਆ ਜਾ ਸਕਦਾ ਹੈ: http://transfusionontario.org/en/cmdownloads/categories/patient_booklet/

ਹੈਲਥ ਲਿੰਕ ਬੀ ਸੀ ਕੋਲ ਖ਼ੂਨ ਚੜ੍ਹਾਉਣ ਅਤੇ ਚੜ੍ਹਾਉਣ ਦੇ ਰੀਐਕਸ਼ਨਾਂ ਬਾਰੇ ਜਾਣਕਾਰੀ ਹੈ: http://www.healthlinkbc.ca/

ਤੁਸੀਂ ਬ੍ਰਿਟਿਸ਼ ਕੋਲੰਬੀਆ ਦੀ ਕਿਸੇ ਵੀ ਥਾਂ ਤੋਂ ਦਿਨ ਜਾਂ ਰਾਤ ਦੇ ਕਿਸੇ ਸਮੇਂ ਬੀ ਸੀ ਹੈਲਥ ਨੂੰ **8-1-1** 'ਤੇ ਫੋਨ ਵੀ ਕਰ ਸਕਦੇ ਹੋ।



BCW980 [Punjabi] ©2015 BC Women's Hospital + Health Centre
"Image reproduced with permission ©The Hospital for Sick Children" www.aboutkidshealth.ca"